**ਪੰਜਾਬ ਸਕੂਲ ਸਿੱਖਿਆ ਬੋਰਡ**
**ਨੋਟੀਫਿਕੇਸ਼ਨ**

ਨੋਟੀ: ਨੰ:310-ਪਸਸਬ-5ਅਸ-ਅਮਲਾ-2018/1886 ਮਿਤੀ:ਸਾਹਿਬਜ਼ਾਦਾ ਅਜੀਤ ਸਿੰਘ ਨਗਰ:31/5/18

ਚੇਅਰਮੈਨ, ਪੰਜਾਬ ਸਕੂਲ ਸਿੱਖਿਆ ਬੋਰਡ, ਪ੍ਰਸੋਨਲ ਵਿਭਾਗ, ਪ੍ਰਸੋਨਲ ਪਾਲਿਸੀਜ਼-1 ਸ਼ਾਖਾ, ਪੰਜਾਬ ਸਰਕਾਰ ਵਲੋਂ ਜਾਰੀ ਪੱਤਰ ਨੰ. 1/11/2017-1ਪੀ.ਪੀ.1/1054135/1 ਮਿਤੀ 31.08.2017 (**ਅਨੁਲੱਗ ੳ**) ਬੋਰਡ ਦਫਤਰ ਵਿੱਚ ਲਾਗੂ ਕਰਨ ਦੀ ਪ੍ਰਵਾਨਗੀ ਦਿੰਦੇ ਹਨ।

ਮਿਤੀ: ਸਾਹਿਬਜ਼ਾਦਾ ਅਜੀਤ ਸਿੰਘ ਨਗਰ
29-05-2018

ਸਕੱਤਰ,
ਪੰਜਾਬ ਸਕੂਲ ਸਿੱਖਿਆ ਬੋਰਡ

ਪਿੱਠ ਅੰਕਣ ਨੰ:ਪਸਸਬ-5ਅਸ-ਅਮਲਾ-2018/1886-A ਮਿਤੀ:ਸਾਹਿਬਜ਼ਾਦਾ ਅਜੀਤ ਸਿੰਘ ਨਗਰ: 31/5/18

ਉਪਰੋਕਤ ਦਾ ਉਤਾਰਾ ਨਿਮਨਲਿਖਤ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਚੇਅਰਮੈਨ ਜੀ ਦੇ ਨਿੱਜੀ ਸਕੱਤਰ, ਵਾਈਸ ਚੇਅਰਮੈਨ ਅਤੇ ਸਕੱਤਰ ਜੀ ਦੇ ਨਿੱਜੀ ਸਹਾਇਕਾਂ ਨੂੰ, ਚੇਅਰਮੈਨ, ਵਾਈਸ ਚੇਅਰਮੈਨ ਅਤੇ ਸਕੱਤਰ ਜੀ ਦੀ ਸੂਚਨਾ ਹਿੱਤ;
2) ਸੰਯੁਕਤ ਸਕੱਤਰ, ਜਨਰਲ;
3) ਸੰਯੁਕਤ ਸਕੱਤਰ/ ਕੰਟਰੋਲਰ, ਪ੍ਰੀਖਿਆਵਾਂ;
4) ਡਾਇਰੈਕਟਰ (ਅਕਾਦਮਿਕ, ਕੰਪਿਊਟਰ);
5) ਸੀਨੀਅਰ ਲੀਗਲ ਐਡਵਾਈਜਰ;
6) ਉਪ ਕੰਟਰੋਲਰ, ਲੋਕਲ ਆਡਿਟ;
7) ਡਿਪਟੀ ਡਾਇਰੈਕਟਰ, ਕੰਪਿਊਟਰ;
8) ਸਹਾਇਕ ਸਕੱਤਰ (ਅਮਲਾ, ਲੇਖਾ);
9) ਸਮੂਹ ਅਮਲਾ ਸੁਪਰਡੰਟ/ ਸਹਾਇਕ;
10) ਰਿਕਾਰਡਰ, ਅਮਲਾ ਸ਼ਾਖਾ;

ਪੰਜਾਬ ਸਕੂਲ ਸਿੱਖਿਆ ਬੋਰਡ ।

31/5/18
ਸੁਪਰਡੰਟ (ਅਮਲਾ-5)
ਵਾ: ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ।

ਨੰ:1/11/2017-1ਪੀ.ਪੀ.1 1054135/1

ਪੰਜਾਬ ਸਰਕਾਰ
ਪ੍ਰਸੋਨਲ ਵਿਭਾਗ
(ਪ੍ਰਸੋਨਲ ਪਾਲਿਸੀਜ਼-1ਸ਼ਾਖਾ)

ਮਿਤੀ, ਚੰਡੀਗੜ੍ਹ: 31-8-2017

ਸੇਵਾ ਵਿਖੇ

ਸਮੂਹ ਵਿਭਾਗਾਂ ਦੇ ਮੁੱਖੀ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ,
ਡਵੀਜਨਾਂ ਦੇ ਕਮਿਸ਼ਨਰ,
ਸਮੂਹ ਜਿਲ੍ਹਾ ਤੇ ਸੈਸਨਜ ਜੱਜ ਅਤੇ
ਸਮੂਹ ਡਿਪਟੀ ਕਮਿਸ਼ਨਰ,
ਪੰਜਾਬ ਰਾਜ ਵਿੱਚ।

ਵਿਸ਼ਾ:- ਪੰਜਾਬ ਸਿਵਲ ਸੇਵਾਵਾ(ਆਮ ਅਤੇ ਸ਼ਾਝੀਆਂ ਸ਼ਰਤਾਂ ਸੇਵਾਵਾ) ਨਿਯਮ, 1994 ਦੇ ਰੂਲ 7 ਦੇ ਉਪ ਨਿਯਮ 1 ਵਿੱਚ ਨੋਟੀਫਿਕੇਸ਼ਨ ਮਿਤੀ 5.09.2016 ਰਾਹੀ ਸਿੱਧੀ ਭਰਤੀ ਦੇ ਪਰਖਕਾਲ ਦਾ ਸਮਾਂ 2 ਸਾਲ ਤੋਂ ਵਧਾ ਕੇ 3 ਸਾਲ ਸਬੰਧੀ ਸਪੱਸ਼ਟੀਕਰਨ।

ਸ਼੍ਰੀਮਾਨ ਜੀ/ਸ਼੍ਰੀਮਤੀ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਆਪ ਦਾ ਧਿਆਨ ਪ੍ਰਸੋਨਲ ਵਿਭਾਗ ਦੇ ਪੱਤਰ ਨੰ: 1/6/2016-4.ਪੀ.ਪੀ.1/834680/1 ਮਿਤੀ 7.09.2016 ਜਿਸ ਰਾਹੀ ਅਧਿਸੂਚਨਾ ਨੰ: G.S.R.56/Const./Art.309/Amd.(18)/2016 Dated 5.09.2016 ਦੀ ਕਾਪੀ ਭੇਜੀ ਗਈ ਸੀ ਵੱਲ ਦਵਾਉਂਦੇ ਹੋਏ ਇਹ ਕਹਿਣ ਦੀ ਹਦਾਇਤ ਹੋਈ ਹੈ ਕਿ ਉਕਤ ਅਧਿਸੂਚਨਾ ਅਨੁਸਾਰ ਸਿੱਧੀ ਭਰਤੀ ਰਾਹੀਂ ਨਿਯੁਕਤ ਕਰਮਚਾਰੀਆਂ/ਅਧਿਕਾਰੀਆਂ ਦਾ ਪਰਖਕਾਲ ਦਾ ਸਮਾਂ 2 ਸਾਲ ਤੋਂ ਵਧਾ ਕੇ 3 ਸਾਲ ਕੀਤਾ ਗਿਆ ਸੀ, ਜਿਸ ਸਬੰਧੀ ਕਾਨੂੰਨੀ ਮਸ਼ੀਰ ਦੀ ਸਲਾਹ ਪ੍ਰਾਪਤ ਕੀਤੀ ਗਈ ਸੀ। ਇਸ ਸਲਾਹ ਅਨੁਸਾਰ ਸਪੱਸ਼ਟ ਕੀਤਾ ਜਾਂਦਾ ਹੈ ਕਿ ਜਿਹਨਾਂ ਅਸਾਮੀਆਂ ਨੂੰ ਭਰਨ ਦੀ ਪ੍ਰਕ੍ਰਿਆ ਅਧਿਸੂਚਨਾ ਮਿਤੀ 5.9.2016 ਦੇ ਜਾਰੀ ਹੋਣ ਤੋਂ ਪਹਿਲਾਂ ਸ਼ੁਰੂ ਹੋ ਚੁੱਕੀ ਸੀ ਜਿਵੇ ਕਿ ਭਰਤੀ ਲਈ ਇਸ਼ਤਿਹਾਰ ਜਾਰੀ ਕਰ ਦਿੱਤਾ ਗਿਆ ਹੋਵੇ, ਟੈਸਟ ਜਾਂ ਇੰਟਰਵਿਊ ਹੋ ਚੁੱਕੀ ਹੋਵੇ ਪਰ ਹਾਜ਼ਰੀ ਰਿਪੋਰਟ ਬਾਅਦ ਵਿੱਚ ਦਿੱਤੀ ਗਈ ਹੋਵੇ, ਤਾਂ ਉਨ੍ਹਾਂ ਆਸਾਮੀਆਂ ਤੇ ਨਿਯੁਕਤ ਕਰਮਚਾਰੀਆਂ ਨੂੰ ਉਪਰੋਕਤ ਅਧਿਸੂਚਨਾ ਮਿਤੀ 5.09.2016 ਦੇ ਜਾਰੀ ਹੋਣ ਤੋਂ ਪਹਿਲਾਂ ਵਾਂਗ ਹੀ ਟਰੀਟ ਕੀਤਾ ਜਾਵੇਗਾ ਭਾਵ ਅਜਿਹੇ ਕੇਸਾਂ ਵਿੱਚ ਅਧਿਸੂਚਨਾ ਮਿਤੀ 5.09.2016 ਲਾਗੂ ਨਹੀਂ ਹੋਵੇਗੀ।

ਆਪ ਜੀ ਦਾ ਵਿਸ਼ਵਾਸਪਾਤਰ

Hdahat

ਉਪ ਸਕੱਤਰ,
ਪ੍ਰਸੋਨਲ ਵਿਭਾਗ

ਮਿਤੀ, ਚੰਡੀਗੜ੍ਹ 31-8-2017

ਪਿ.ਅੰ.ਨੰ.:1/11/2017-1ਪੀ.ਪੀ.1 1054135/2-3

ਇਸ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਪ੍ਰਮੁੱਖ ਮਹਾਲੇਖਾਕਾਰ(ਆਡਿਟ), ਪੰਜਾਬ, ਚੰਡੀਗੜ੍ਹ।

2) ਪ੍ਰਮੁੱਖ ਮਹਾਂਲੇਖਾਕਾਰ(ਲੇਖਾ ਤੇ ਹੱਕਦਾਰੀ), ਪੰਜਾਬ, ਚੰਡੀਗੜ੍ਹ।

Hkahat
ਉਪ ਸਕੱਤਰ,
ਪ੍ਰਸੋਨਲ ਵਿਭਾਗ

ਪਿ.ਅੰ.ਨੰ.:1/11/2017-1ਪੀ.ਪੀ.1/1054135/4-8 ਮਿਤੀ, ਚੰਡੀਗੜ੍ਹ 31-8-2017

ਇਸ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਸਮੂਹ ਵਿਸ਼ੇਸ਼ ਮੁੱਖ ਸਕੱਤਰ, ਵਧੀਕ ਮੁੱਖ ਸਕੱਤਰ, ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।
2) ਵਧੀਕ ਡਾਇਰੈਕਟਰ, ਅੰਦਰੂਨੀ ਪੜਤਾਲ ਸੰਸਥਾ(ਮਾਲ), ਸੈਕਟਰ-22 ਡੀ, ਚੰਡੀਗੜ੍ਹ।
3) ਪ੍ਰੀਖਕ, ਸਥਾਨਕ ਫੰਡ ਲੇਖਾ, ਪੰਜਾਬ, ਚੰਡੀਗੜ੍ਹ।
4) ਰਾਜ ਦੇ ਸਮੂਹ ਡਿਪਟੀ ਕੰਟਰੋਲਰ(ਵਿੱਤ ਤੇ ਲੇਖਾ), ਅੰਦਰੂਨੀ ਪੜਤਾਲ ਸੰਸਥਾ, ਪੰਜਾਬ।
5) ਸਕੱਤਰ/ ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ।

Hkahat
ਉਪ ਸਕੱਤਰ,
ਪ੍ਰਸੋਨਲ ਵਿਭਾਗ

ਪਿ.ਅੰ.ਨੰ.:1/11/2017-1ਪੀ.ਪੀ.1 1054135/9 ਮਿਤੀ, ਚੰਡੀਗੜ੍ਹ 31-8-2017

ਇਸ ਦਾ ਉਤਾਰਾ ਰਾਜ ਦੇ ਸਮੂਹ ਜਿਲ੍ਹਾ ਖਜਾਨਾ ਅਫਸਰਾਂ/ਖਜਾਨਾ ਅਫਸਰਾਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

Hkahat
ਉਪ ਸਕੱਤਰ,
ਪ੍ਰਸੋਨਲ ਵਿਭਾਗ

ਪਿ.ਅੰ.ਨੰ.:1/11/2017-1ਪੀ.ਪੀ.1 1054135/10 ਮਿਤੀ, ਚੰਡੀਗੜ੍ਹ 31-8-2017

ਇਸ ਦਾ ਉਤਾਰਾ ਡਾਇਰੈਕਟਰ, ਗਵਰਨੈਂਸ ਰਿਫਾਰਮਜ਼ ਪੰਜਾਬ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਸਰਕਾਰ ਦੀ ਇਸ ਸੁਪੱਸ਼ਟੀਕਰਨ ਨੂੰ ਪੰਜਾਬ ਸਰਕਾਰ ਦੀ ਵੈੱਬਸਾਈਟ ਤੇ ਪਾਉਣ ਦੀ ਖੇਚਲ ਕੀਤੀ ਜਾਵੇ।

[signature]
ਸੁਪਰਡੰਟ